# ਪ੍ਰੈਸ ਨੋਟ

PSTET-2018 ਦੀ ਪ੍ਰੀਖਿਆ ਦੇ ਰੋਲ ਨੰਬਰ Randomise ਨਾ ਹੋਣ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਾਰੀ ਹੋਏ ਰੋਲ ਨੰਬਰਾਂ ਨੂੰ ਮੁੜ ਚੈਕ ਕੀਤਾ ਗਿਆ। ਚੈਕਿੰਗ ਉਪਰੰਤ ਪਾਇਆ ਗਿਆ ਕਿ ਕੁਝ ਰੋਲ ਨੰਬਰ ਕਿਸੇ ਪੱਧਰ ਤੇ ਅਣਜਾਣੇ ਵਿੱਚ ਗਲਤੀ ਹੋ ਜਾਣ ਦੇ ਕਾਰਨ ਇਹ ਰੋਲ ਨੰਬਰ ਸਹੀ ਢੰਗ ਨਾਲ Randomise ਨਹੀਂ ਹੋ ਸਕੇ। ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ, ਡਾਇਰੈਕਟਰ (ਕੰਪਿਊਟਰ) ਦੇ ਕੰਮ ਕਰਨ ਤੇ ਰੋਕ ਲਗਾ ਦਿੱਤੀ ਗਈ ਹੈ ਅਤੇ ਰੋਲ ਨੰਬਰ Randomise ਨਾ ਹੋਣ ਸਬੰਧੀ ਪੜਤਾਲ ਦੇ ਆਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ। ਉਮੀਦਵਾਰਾਂ ਦੇ ਕ੍ਰਮਵਾਰ ਇਕੱਠੇ ਬੈਠਣ ਨਾਲ ਨਕਲ ਦੀ ਸੰਭਾਵਨਾ ਦੇ ਮੱਦੇਨਜ਼ਰ ਐਪਲੀਕੇਸ਼ਨ ਫਾਰਮਾਂ ਨੂੰ ਨਵੇਂ ਸਿਰੇ ਤੋਂ Randomise ਕਰਨ ਉਪਰੰਤ ਨਵੇਂ ਰੋਲ ਨੰਬਰ ਜਾਰੀ ਕੀਤੇ ਜਾਣੇ ਹਨ। ਇਸ ਲਈ ਮਿਤੀ 05.01.2020 ਨੂੰ ਹੋਣ ਵਾਲੀ PSTET-2018 ਦੀ ਪ੍ਰੀਖਿਆ ਮੁਲਤਵੀ ਕਰਦੇ ਹੋਏ ਹੁਣ ਇਹ ਪ੍ਰੀਖਿਆ ਮਿਤੀ 19.01.2020 (ਐਤਵਾਰ) ਨੂੰ ਲਈ ਜਾਵੇਗੀ। ਇਨ੍ਹਾਂ ਕਾਰਨਾਂ ਕਰਕੇ ਪ੍ਰੀਖਿਆਰਥੀਆਂ ਨੂੰ ਨਵੇਂ ਸਿਰੇ ਤੋਂ ਰੋਲ ਨੰਬਰ ਮਿਤੀ 15.01.2020 ਨੂੰ ਜਾਰੀ ਕੀਤੇ ਜਾਣਗੇ। ਇਹ ਰੋਲ ਨੰਬਰ PSTET-2018 ਦੀ ਵੈਬ-ਸਾਈਟ ਤੇ ਲਾਗ-ਇਨ ਕਰਕੇ ਡਾਊਨਲੋਡ ਕੀਤੇ ਜਾ ਸਕਦੇ ਹਨ। ਪ੍ਰੀਖਿਆਰਥੀਆਂ ਨੂੰ ਇਸ ਸਬੰਧੀ ਉਨ੍ਹਾਂ ਦੇ ਐਪਲੀਕੇਸ਼ਨ ਫਾਰਮ ਵਿੱਚ ਦਰਜ ਰਜਿਸਟਰਡ ਮੋਬਾਈਲ ਨੰਬਰਾਂ ਤੇ SMS ਰਾਹੀਂ ਅਤੇ ਈ-ਮੇਲ ਆਈ ਡੀਜ਼ ਦੇ ਨਾਲ-ਨਾਲ ਇਹ ਸੂਚਨਾ ਬੋਰਡ ਦੀ ਵੈਬ-ਸਾਈਟ ਤੇ ਵੀ ਉਪਲਬਧ ਹੋਵੇਗੀ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ